# ਸਾਹਿਤ ਤੇ ਸ਼ਖ਼ਸੀਅਤ

**ਸਾਹਿਤ :-** ਸਾਹਿਤ ਤੋਂ ਭਾਵ ਅਜਿਹੀ ਰਚਨਾ ਹੈ, ਜੋ ਮੂਲ ਰੂਪ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਹੋਵੇ ਅਤੇ ਜਿਸਨੂੰ ਸੋਹਣੇ ਤੇ ਦਿਲ ਖਿੱਚਵੇਂ ਢੰਗ ਨਾਲ ਬਿਆਨ ਕੀਤਾ ਗਿਆ ਹੋਵੇ। ਇਸ ਤਰ੍ਹਾਂ ਸਾਹਿਤ ਇਕ ਸੂਖਮ ਕਲਾ ਹੈ, ਜਿਸ ਦਾ ਮੁੱਖ ਉਦੇਸ਼ ਸੁਹਜ-ਸੁਆਦ ਉਪਜਾਉਣਾ ਤੇ ਇਸ ਰਾਹੀਂ ਇਕ ਚੰਗੇਰੇ ਜੀਵਨ ਲਈ ਪ੍ਰੇਰਨਾ ਹੈ। ਇਸ ਲਈ ਇਕ ਚੰਗੇ ਸਾਹਿਤਕਾਰ ਦਾ ਕਰਤੱਵ ਬਣ ਜਾਂਦਾ ਹੈ ਕਿ ਉਹ ਮਨੁੱਖ ਜਾਤੀ ਦੇ ਸਾਂਝੇ ਪਾਤਰ ਇਸ ਵਰਤਾਰਿਆਂ ਨੂੰ ਅਜਿਹੇ ਰਸਮਈ ਢੰਗ ਨਾਲ ਬਿਆਨ ਕਰਕੇ ਪਾਠਕ ਇਸ ਵਿਚ ਆਨੰਦ ਲੈ ਸਕਣ।

**ਸਾਹਿਤ ਅਤੇ ਸ਼ਖ਼ਸੀਅਤ :-** ਸਾਹਿਤ ਵਿਚ ਸ਼ਖ਼ਸੀਅਤ ਦਾ ਨਿਰੂਪਣ ਆਧੁਨਿਕ ਯੁਗ ਵਿਚ ਹੀ ਸੰਭਵ ਹੋਇਆ ਹੈ। ਸੱਪਸ਼ਟ ਤੌਰ ਸ਼ਖ਼ਸੀਅਤ ਦੇ ਨਿਰੂਪਣ ਨੂੰ ਵਿਅਕਤੀ ਦੀ ਹਉਮੈ ਜਾਂ ਅਭਿਮਾਨ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਸ ਸਮੇਂ ਸਾਹਿਤ ਵਿਚ ਕੇਵਲ ਰਾਜਿਆਂ-ਮਹਾਰਾਜਿਆਂ ਜਾਂ ਸੰਤਾਂ-ਮਹਾਂਪੁਰਖਾਂ ਦੀ ਸ਼ਖ਼ਸੀਅਤ ਦਾ ਨਿਰੂਪਣ ਹੀ ਜਾਇਜ਼ ਅਤੇ ਉਚਿਤ ਸਮਝਿਆ ਜਾਂਦਾ ਸੀ। ਇਸ ਵੰਨਗੀ ਦੇ ਸਾਹਿਤ ਵਿਚ ਮਹਾਨ ਸ਼ਖ਼ਸੀਅਤਾਂ ਨੂੰ ਬਹੁਤ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਸੀ। ਰਾਜਿਆਂ-ਮਹਾਰਾਜਿਆਂ ਦੀ ਸ਼ਖ਼ਸੀਅਤ ਬਾਰੇ ਸਹੀ ਅਤੇ ਸੱਚ ਲਿਖਣਾ, ਸਮਕਾਲੀ ਲੇਖਕਾਂ ਦੇ ਵੱਸ ਦੀ ਗੱਲ ਨਹੀਂ ਸੀ ਕਿਉਂਕਿ ਇਸ ਸਮੇਂ ਦੇ ਬਹੁਤੇ ਲੇਖਕ ਇਨ੍ਹਾਂ ਰਾਜਿਆਂ ਦੇ ਦਰਬਾਰੀ ਜਾਂ ਨੌਕਰ ਹੁੰਦੇ ਸਨ। ਲਿਖਣ ਦੇ ਬਦਲੇ ਵਿਚ ਉਨ੍ਹਾਂ ਨੂੰ ਰਾਜਿਆਂ ਵੱਲੋਂ ਇਨਾਮ, ਸਨਮਾਨ ਜਾਂ ਮਿਹਨਤਾਨਾ ਮਿਲਦਾ ਸੀ। ਪ੍ਰਕਾਸ਼ਨਾਲੇ ਅਜੇ ਹੋਂਦ ਵਿਚ ਨਹੀਂ ਸੀ ਆਏ ਕਿਉਂਕਿ ਪ੍ਰਿੰਟਿੰਗ ਪ੍ਰੈੱਸਾਂ ਦਾ ਨਿਰਮਾਣ ਨਹੀਂ ਸੀ ਹੋਇਆ। ਇਸ ਲਈ ਕੋਈ ਪੁਸਤਕ ਜਨ-ਸਾਧਾਰਨ ਤਕ ਨਹੀਂ ਸੀ ਪਹੁੰਚਦੀ। ਕੇਵਲ ਰਾਜੇ-ਮਹਾਰਾਜੇ ਜਾਂ ਸਾਮੰਤ ਲੋਕ ਹੀ ਹੱਥ ਲਿਖਤ ਪੁਸਤਕਾਂ ਦੀਆਂ ਪ੍ਰਤੀਆਂ ਆਪਣੇ ਕੋਲ ਰੱਖ ਸਕਦੇ ਸਨ।

ਆਧੁਨਿਕ ਕਾਲ ਵਿਚ ਪੂੰਜੀਵਾਦ ਦੇ ਪ੍ਰਭਾਵ ਅਧੀਨ ਮਨੁੱਖ ਦਾ ਜੀਵਨ ਅਤੇ ਜਗਤ ਪ੍ਰਤੀ ਨਵਾਂ ਦ੍ਰਿਸ਼ਟੀਕੋਣ ਪੈਦਾ ਹੋਇਆ। **ਚਾਰਲਸ ਡਾਰਵਿਨ** ਨੇ 'ਪ੍ਰਜਾਤੀਆਂ ਦੇ ਵਿਕਾਸ' ਬਾਰੇ ਆਪਣਾ ਇਨਕਲਾਬੀ ਸਿਧਾਂਤ, ਪੇਸ਼ ਕਰਕੇ ਸਿੱਧ ਕਰ ਦਿੱਤਾ ਕਿ ਮਨੁੱਖ

**ਸ਼ਖ਼ਸੀਅਤ ਦਾ ਅਰਥ :-** ਸ਼ਖ਼ਸੀਅਤ ਵਿਅਕਤੀ ਦੇ ਸਰੀਰਕ, ਦਿਮਾਗੀ, ਸੱਭਿਆਚਾਰਕ ਅਤੇ ਸਮਾਜਿਕ ਸਾਰੇ ਗੁਣਾਂ ਦਾ ਇਕ ਗੁੱਛਿਆਂ ਅਤੇ ਗਤੀਸ਼ੀਲ ਸੰਗਠਨ ਹੈ ਜਿਵੇਂ ਕਿ ਇਹ ਸਮਾਜੀ ਜੀਵਨ ਦੇ ਆਦਾਨ-ਪ੍ਰਦਾਨ ਵਿਚ ਸਾਧਾਰਨ ਲੋਕਾਂ ਪ੍ਰਤੀ ਹੁੰਦਾ ਹੈ।

**ਸ਼ੈਲੀ ਨਾਲ ਸੰਬੰਧ :-** ਸ਼ੈਲੀ ਦਾ ਸੰਬੰਧ ਸਾਹਿਤਕਾਰ ਦੀ ਸ਼ਖ਼ਸੀਅਤ ਨਾਲ ਹੁੰਦਾ ਹੈ, ਇਸੇ ਕਾਰਨ ਹੈ ਕਿ ਹਰ ਸਾਹਿਤਕਾਰ ਦੀ ਇਕ ਨਿੱਜੀ ਸ਼ੈਲੀ ਹੁੰਦੀ ਹੈ। ਸਫਲ ਸਾਹਿਤਕਾਰ ਆਪਣੀ ਸ਼ੈਲੀ ਦੇ ਕਾਰਨ ਹੀ ਸਫਲ ਬਣਦੇ ਹਨ। ਕਿਸੇ ਹੋਰ ਲੇਖਕ ਦੀ ਸ਼ੈਲੀ ਦੀ ਨਕਲ ਕਰਨ ਵਾਲਾ ਲੇਖਕ ਕਦੇ ਵੀ ਉੱਚਾ ਸਾਹਿਤਕਾਰ ਬਣਨ ਦੀ ਸਮਰੱਥਾ ਨਹੀਂ ਰੱਖਦਾ। ਪ੍ਰਸਿੱਧ ਅੰਗਰੇਜ਼ੀ ਕਵੀ ਐਲਗਜ਼ੈਂਡਰ ਪੋਪ (Alexander Pope) ਸ਼ੈਲੀ ਨੂੰ dress of thought ਭਾਵ ਵਿਚਾਰਾਂ ਦਾ ਲਿਬਾਸ ਦਸਦੇ ਹਨ। ਸਾਹਿਤ ਉੱਚੇ ਦਰਜੇ ਦਾ ਤਦ ਹੀ ਬਣ ਸਕਦਾ ਹੈ, ਜੇਕਰ ਇਸ ਦੀ ਸ਼ੈਲੀ ਬਹੁਤ ਉੱਚੇ ਦਰਜੇ ਦੀ ਹੋਵੇ। ਸਾਹਿਤਕਾਰ ਕਿੰਨਾ ਵੀ ਨਰੋਆ ਜੀਵਨ ਦਾ ਸਹੀ ਪ੍ਰਤੀਨਿਧ ਤਜਰਬਾ ਕਿਉਂ ਨਾ ਲਏ ਜਿੰਨਾ ਚਿਰ ਉਹ ਆਪਣੇ ਇਸ ਤਜਰਬੇ ਨੂੰ ਸੋਹਣੇ ਰੂਪ ਵਿਚ ਨਹੀਂ ਪ੍ਰਗਟਾਉਂਦੇ ਉਹ ਮਿਆਰੀ ਸਾਹਿਤ ਨਹੀਂ ਪੈਦਾ ਕਰ ਸਕਦਾ ਹੈ।

ਸਾਹਿਤ ਵਿਚ ਸ਼ਖ਼ਸੀਅਤ ਦਾ ਚਿਤ੍ਰਣ ਆਧੁਨਿਕ ਯੁਗ ਵਿਚ ਹੀ ਸੰਭਵ ਹੋਇਆ ਹੈ। ਮੱਧਕਾਲ ਵਿਚ ਸ਼ਖ਼ਸੀਅਤ ਦੇ ਚਿਤ੍ਰਣ ਨੂੰ ਵਿਅਕਤੀ ਦੀ ਹਉਮੈ ਨਾਲ ਜੋੜ ਕੇ ਵੇਖਿਆ ਜਾਂਦਾ ਸੀ। ਇਸ ਸਮੇਂ ਸਾਹਿਤ ਵਿਚ ਕੇਵਲ ਰਾਜਿਆਂ-ਮਹਾਰਾਜਿਆਂ ਜਾਂ ਸੰਤਾਂ-ਮਹਾਂਪੁਰਖਾਂ ਦੀ ਸ਼ਖ਼ਸੀਅਤ ਦਾ ਚਿਤ੍ਰਣ ਉਚਿਤ ਸਮਝਿਆ ਜਾਂਦਾ ਸੀ। ਇਸ ਵੰਨਗੀ ਦੇ ਸਾਹਿਤ ਵਿਚ ਮਹਾਨ ਸ਼ਖ਼ਸੀਅਤ ਬਾਰੇ ਉਚਿਤ ਅਤੇ ਸੱਚ ਲਿਖਣਾ, ਸਮਕਾਲੀ ਲੇਖਕਾਂ ਦੇ ਵੱਸ ਦੀ ਗੱਲ ਨਹੀਂ ਸੀ ਕਿਉਂਕਿ ਇਸ ਸਮੇਂ ਦੇ ਬਹੁਤ ਲੇਖਕ ਇਨ੍ਹਾਂ ਰਾਜਿਆਂ ਦੇ ਦਰਬਾਰੀ ਜਾਂ ਨੌਕਰ ਹੁੰਦੇ ਸਨ। ਲਿਖਣ ਦੇ ਬਦਲੇ ਉਨ੍ਹਾਂ ਨੂੰ ਰਾਜਿਆਂ ਵੱਲੋਂ ਇਨਾਮ ਤੇ ਸਨਮਾਨ ਮਿਲਦਾ ਸੀ। ਪ੍ਰਕਾਸ਼ਨਾਵਾਂ (ਅਖ਼ਬਾਰ ਜਾਂ ਪੱਤਰ) ਨਹੀਂ ਛਪਦੇ ਸੀ ਕਿਉਂਕਿ ਪ੍ਰਿੰਟਿੰਗ ਪ੍ਰੈਸਾਂ ਅਜੇ ਹੋਂਦ ਵਿਚ ਨਹੀਂ ਆਈਆਂ ਸਨ। ਇਸ ਲਈ ਕੋਈ ਪੁਸਤਕ ਜਾਂ ਖੋਜ ਪੱਤਰ ਆਮ ਜਨਤਾ ਤਕ ਨਹੀਂ ਪਹੁੰਚਦੇ ਸਨ। ਸਿਰਫ਼ ਰਾਜੇ-ਮਹਾਰਾਜੇ ਜਾਂ ਸਾਮੰਤ ਲੋਕ ਹੀ ਹੱਥ-ਲਿਖਤ ਪੁਸਤਕਾਂ ਆਪਣੇ ਕੋਲ ਰੱਖ ਸਕਦੇ ਸਨ।

**ਮਹਾਂਪੁਰਖਾਂ ਨਾਲ ਸੰਬੰਧਿਤ :-** ਮਹਾਂਪੁਰਖਾਂ ਦੇ ਜੀਵਨ-ਬਿਰਤਾਂਤ ਕਰਾਮਾਤੀ ਜਾਂ ਪੌਰਾਣਿਕ ਵਿਧੀ ਦੁਆਰਾ ਲਿਖੇ ਜਾਂਦੇ ਸਨ। ਵੱਖੋ ਵੱਖਰੇ ਧਰਮਾਂ ਨਾਲ ਸੰਬੰਧਿਤ ਲੋਕ ਆਪਣੇ-ਆਪਣੇ ਧਰਮਾਂ-ਗੁਰੂਆਂ ਜਾਂ ਸੰਤਾਂ-ਮਹਾਤਮਾਵਾਂ ਦੇ ਜੀਵਨ-ਬਿਰਤਾਂਤ

ਸ਼ਰਧਾਸਪਦ ਵਿਅਕਤੀ ਮੰਨੇ ਜਾਂਦੇ ਸਨ। ਇਹਨਾਂ ਦੇ ਜੀਵਨ ਨਾਲ ਬਹੁਤ ਸਾਰੇ ਕਰਾਮਾਤਾਂ ਜੋ ਚਮਤਕਾਰ ਜੋੜ ਕੇ ਇਹ ਦਰਸਾਇਆ ਜਾਂਦਾ ਸੀ ਕਿ ਇਹ ਗੁਰੂਜਨ ਅਤੇ ਸੰਤ ਪਰਮਾਤਮਾ ਦੇ ਅਵਤਾਰ, ਪੈਗੰਬਰ ਜਾਂ ਪੁੱਤਰ ਸਨ। ਇਉਂ ਹੀ ਪਰਮਾਤਮਾ ਨੇ ਖ਼ੁਦ ਇਕ ਵਿਸ਼ੇਸ਼ ਮਿਸ਼ਨ ਦੇ ਕਾਰਨ ਇਸ ਸੰਸਾਰ ਵਿਚ ਭੇਜਿਆ ਸੀ। ਇਸ ਕਾਰਨ ਇਹਨਾਂ ਦੀ ਸ਼ਖ਼ਸੀਅਤ ਵਿਚ ਸਾਧਾਰਨ ਜਨਤਾ ਵਾਲੇ ਔਗੁਣ ਜਾਂ ਕਮਜ਼ੋਰੀਆਂ ਨਹੀਂ ਹੁੰਦੀਆਂ ਸਨ। 'ਹਜ਼ਰਤ ਈਸਾ', 'ਹਜ਼ਰਤ ਮੁਹੰਮਦ', 'ਮਹਾਤਮਾ ਬੁੱਧ', 'ਸ਼੍ਰੀ ਰਾਮ ਚੰਦਰ' ਅਤੇ 'ਸ਼੍ਰੀ ਕ੍ਰਿਸ਼ਨ' ਆਦਿਕ ਧਰਮ-ਗੁਰੂਆਂ ਜਾਂ ਅਵਤਾਰਾਂ ਦੇ ਜੀਵਨ-ਬ੍ਰਿਤਾਂਤ ਇਸੇ ਵਿਧੀ ਦੁਆਰਾ ਲਿਖੇ ਗਏ ਹਨ। ਇਸੇ ਲਈ ਇਹਨਾਂ ਮਹਾਂਪੁਰਖਾਂ ਦੀ ਸ਼ਖ਼ਸੀਅਤ ਪ੍ਰਮਾਣਿਕ ਢੰਗ ਨਾਲ ਪੇਸ਼ ਨਹੀਂ ਹੋ ਸਕੀ।

**ਮਹਾਂਪੁਰਖਾਂ ਦੀ ਸ਼ਖ਼ਸੀਅਤ ਦਾ ਪ੍ਰਭਾਵ :-** ਮੱਧਕਾਲ ਵਿਚ ਇਨਸਾਨੀ ਜੀਵਨ ਪ੍ਰਮਾਤਮਾ ਵੱਲੋਂ ਨਿਯਮਿਤ ਨਿਰਧਾਰਤ ਅਤੇ ਕਾਲਬੱਧ ਸੀ। ਮਨੁੱਖ ਪ੍ਰਮਾਤਮਾ ਦੇ ਭਾਣੇ ਵਿਚ ਧਰਤੀ ਉੱਪਰ ਆਇਆ ਸੀ, ਇਸ ਦੇ ਹੁਕਮ ਅਨੁਸਾਰ ਚੰਗੇ-ਮੰਦੇ ਕਰਮ ਕਰਦਾ ਸੀ ਅਤੇ ਉਸਦੇ ਹੁਕਮ ਅਨੁਸਾਰ ਹੀ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਕੇ ਚਲਦਾ ਬਣਦਾ ਸੀ। ਉਹ ਕਿਸੇ ਵੀ ਕਰਮ ਵਿਚ ਸੁਤੰਤਰ ਨਹੀਂ ਸੀ ਅਤੇ ਨਾ ਹੀ ਉਹ ਕਿਸੇ ਚੰਗੇ ਕਰਮ ਦਾ ਖ਼ੁਦ 'ਕਰੈਡਿਟ' ਲੈ ਸਕਦਾ ਸੀ। ਗੁਰਮਤਿ ਕਾਵਿ ਪਰੰਪਰਾ ਵਿਚ ਵੀ ਮਨੁੱਖ ਨੂੰ ਪ੍ਰਮਾਤਮਾ ਦੇ ਹੁਕਮ ਅਧੀਨ ਵਿਚਰਦਾ ਦਰਸਾਇਆ ਗਿਆ ਹੈ। ਦੇਖੋ।-

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ਰਹਾਉ॥

**ਪੂੰਜੀਵਾਦ ਦਾ ਸ਼ਖ਼ਸੀਅਤ ਤੇ ਸਾਹਿਤ ਤੇ ਪ੍ਰਭਾਵ :-** 'ਆਧੁਨਿਕ ਕਾਲ ਵਿਚ ਪੂੰਜੀਵਾਦ ਦੇ ਪ੍ਰਭਾਵ ਅਧੀਨ ਮਨੁੱਖ ਦਾ ਜੀਵਨ ਅਤੇ ਜਗਤ ਪ੍ਰਤੀ ਨਵਾਂ ਦ੍ਰਿਸ਼ਟੀਕੋਣ ਪੈਦਾ ਹੋਇਆ। ਚਾਰਲਜ਼ ਡਾਰਵਿਨ ਨੇ 'ਪ੍ਰਜਾਤੀਆਂ ਦੇ ਵਿਕਾਸ' ਬਾਰੇ ਆਪਣਾ ਇਨਕਲਾਬੀ ਸਿਧਾਂਤ ਪੇਸ਼ ਕਰਕੇ ਸਿੱਧ ਕਰ ਦਿੱਤਾ ਕਿ ਮਨੁੱਖ ਜਾਤੀ ਦਾ ਵੀ ਹੋਰ ਜਾਤੀਆਂ-ਪ੍ਰਜਾਤੀਆਂ ਵਿਚੋਂ ਵਿਕਾਸ ਹੋਇਆ ਹੈ। ਹੁਣ ਪ੍ਰਮਾਤਮਾ ਦਾ ਮਨੁੱਖ ਦੀ ਹੋਂਦ ਵਿਚ ਸਿੱਧਾ ਦਖ਼ਲ ਨਾ ਰਿਹਾ ਅਤੇ ਉਹ ਆਪਣੇ ਕਰਮਾਂ-ਕੁਕਰਮਾਂ ਲਈ ਖ਼ੁਦ ਉੱਤਰਦਾਈ ਜਾਂ ਜ਼ਿੰਮੇਵਾਰ ਹੋ ਗਿਆ। ਨਵੇਂ ਮਨੁੱਖਾਂ ਨੂੰ ਪਰਿਭਾਸ਼ਿਤ ਕਰਨ ਲਈ ਕਾਰਲ ਮਾਰਕਸ, ਸਿਗਮੰਡ ਫਰਾਇਡ ਅਤੇ ਐਡਲਰ ਵਰਗੇ ਸਮਾਜ-ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਨੇ ਮਨੁੱਖੀ ਸ਼ਖ਼ਸੀਅਤ ਬਾਰੇ ਮੌਲਿਕ

ਸਰਵਿਚ ਪੇਸ਼ ਕੀਤੇ। ਇਸ ਦੌਰ ਵਿਚ ਮਨੁੱਖੀ ਸ਼ਖ਼ਸੀਅਤ ਦੀ ਪ੍ਰਕਿਰਤੀ, ਸਰੂਪ ਅਤੇ ਵਿਕਾਸ ਬਾਰੇ ਬਹੁਤ ਸਾਰਾ ਖੋਜ-ਕਾਰਜ ਹੋਇਆ।

**ਰੁਮਾਂਸਵਾਦੀ ਲਹਿਰ ਦਾ ਪ੍ਰਭਾਵ:-** ਪੱਛਮੀ ਸਾਹਿਤ ਵਿਚ ਅਠਾਰ੍ਹਵੀਂ ਸਦੀ ਦੇ ਅਖੀਰ ਵਿਚ ਪੈਦਾ ਹੋਈ ਰੁਮਾਂਸਵਾਦੀ ਲਹਿਰ ਨੇ ਮਨੁੱਖੀ ਸ਼ਖ਼ਸੀਅਤ ਨੂੰ ਇਕ ਗੌਰਵਮਈ ਪ੍ਰਾਪਤੀ ਦੇ ਰੂਪ ਵਿਚ ਅਭਿਵਿਅਕਤੀ ਕਰਨਾ ਸ਼ੁਰੂ ਕੀਤਾ। ਇਸ ਲਹਿਰ ਦਾ ਇਕ ਪ੍ਰਮੁੱਖ ਪ੍ਰਵਕਤਾ ਜੀਨ ਜੈਕ ਰੂਸੋ ਸੀ। ਇਸਨੇ ਮਨੁੱਖੀ ਸੰਭਾਵਨਾਵਾਂ ਦੀ ਪੂਰਤੀ ਲਈ ਇਕ ਉਦਾਰ ਅਤੇ ਸੁਤੰਤਰ ਮਾਹੌਲ ਤਿਆਰ ਕਰ ਦਿੱਤਾ। ਅੰਗਰੇਜ਼ੀ ਸਾਹਿਤ ਦੇ ਕੁਝ ਪ੍ਰਮੁੱਖ ਕਵੀਆਂ- ਵਿਲੀਅਮ ਵਰਡਜ਼ਵਰਥ, ਬਾਇਰਨ, ਸ਼ੈਲੇ ਅਤੇ ਕੀਟਸ ਆਦਿਕ ਨੇ ਇਸ ਉਦਾਰ ਮਾਹੌਲ ਤੋਂ ਪ੍ਰੇਰਿਤ ਹੋ ਕੇ ਮਨੁੱਖੀ ਸ਼ਖ਼ਸੀਅਤ ਦਾ ਨਿਰੂਪਣ ਕਰਨ ਵਾਲੀਆਂ ਉੱਤਮ ਕਵਿਤਾਵਾਂ ਦੀ ਸਿਰਜਣਾ ਕੀਤੀ। ਫਰਾਂਸ ਦੇ ਪ੍ਰਸਿੱਧ ਬਾਦਲੇਅਰ, ਮਲਾਰਮੇ, ਵਰਲੇਨ ਅਤੇ ਰਿੰਬੋ ਕਵੀਆਂ ਨੇ ਆਪਣੀ-ਆਪਣੀ ਸ਼ਖ਼ਸੀਅਤ ਦੇ ਕੁਝ ਪ੍ਰਮੁੱਖ ਪਹਿਲੂਆਂ ਨੂੰ ਕਾਵਿਬੱਧ ਕੀਤਾ। ਇਸ ਪ੍ਰਕਾਰ ਉਨੀਵੀਂ ਸਦੀ ਦੇ ਅਰੰਭ ਵਿਚ ਸਾਹਿਤ ਅਤੇ ਸ਼ਖ਼ਸੀਅਤ ਦੇ ਪਰਸਪਰ ਸੰਬੰਧ ਬਹੁਤ ਗੂੜ੍ਹੇ ਅਤੇ ਜਟਿਲ ਬਣ ਗਏ।

**ਪਰਿਵਾਰ, ਸਮਾਜ ਤੇ ਸਿੱਖਿਆ ਦਾ ਪ੍ਰਭਾਵ:-** ਆਧੁਨਿਕ ਯੁਗ ਵਿਚ ਇਹ ਸਪਸ਼ਟ ਹੋ ਗਿਆ ਕਿ ਮਨੁੱਖ ਨੂੰ ਆਪਣੀ ਸ਼ਖ਼ਸੀਅਤ, ਉਪਰੋਂ ਕਿਸੇ ਪ੍ਰਮਾਤਮਾ ਜਾਂ ਅਵਤਾਰ ਪਾਸੋਂ ਦੈਵੀ-ਦਾਤ ਦੇ ਰੂਪ ਵਿਚ ਨਹੀਂ ਮਿਲਦੀ, ਬਲਕਿ ਉਸਨੂੰ ਆਪ ਸਖ਼ਤ ਮਿਹਨਤ ਕਰਕੇ ਆਪਣੇ ਸ਼ਖ਼ਸੀਅਤ ਬਣਾਉਣੀ ਪੈਂਦੀ ਹੈ। ਉਹ ਜਿਉਂ-ਜਿਉਂ ਫੈਸਲੇ ਲਏਗਾ, ਜਿਉਂ-ਜਿਉਂ ਕਰਮ ਕਰੇਗਾ, ਉਸਦੀ ਸ਼ਖ਼ਸੀਅਤ ਉਸੇ ਤਰ੍ਹਾਂ ਨਾਲ ਬਣਦੀ-ਵਿਗੜਦੀ ਜਾਵੇਗੀ। ਸ਼ਖ਼ਸੀਅਤ ਦੇ ਨਿਰਮਾਣ ਵਿਚ ਕਿਸੇ ਵਿਅਕਤੀ ਦਾ ਪਰਿਵੇਸ਼ ਦਾ ਬਹੁਤ ਦਖ਼ਲ ਹੁੰਦਾ ਹੈ। ਮਨੁੱਖ ਜਿਉਂ-ਜਿਉਂ ਪਰਿਵਾਰ ਵਿਚ ਜਨਮਦਾ ਅਤੇ ਵਧਦਾ-ਫੁੱਲਦਾ ਹੈ ਉਸਦੀ ਸ਼ਖ਼ਸੀਅਤ ਉਹੋ ਜਿਹੀ ਬਣ ਜਾਂਦੀ ਹੈ। ਗੁਲਾਮ ਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਦੀ ਸ਼ਖ਼ਸੀਅਤ ਗੁਲਾਮੀ ਵਾਲੀ ਬਣ ਜਾਂਦੀ ਹੈ ਅਤੇ ਸੁਤੰਤਰ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਸੁਤੰਤਰ ਸ਼ਖ਼ਸੀਅਤ ਦੇ ਮਾਲਕ ਬਣ ਜਾਂਦੇ ਹਨ। ਮਨੁੱਖ ਦੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਉਸਦੀ ਪੜ੍ਹਾਈ ਲਿਖਾਈ ਦੀ ਵੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਪੜ੍ਹਨ-ਲਿਖਣ ਨਾਲ ਮਨੁੱਖ ਨੂੰ ਆਪਣੇ ਆਲੇ-ਦੁਆਲੇ ਬਾਰੇ ਨਵੀਂ ਸੋਝੀ ਪ੍ਰਾਪਤ ਹੁੰਦੀ ਹੈ। ਉਹ ਜਾਣ ਲੈਂਦਾ ਹੈ ਕਿ ਸਮਾਜਿਕ-ਆਰਥਿਕ ਪਰਿਵੇਸ਼ ਦੁਆਰਾ ਪ੍ਰਾਪਤ ਹੋਈ ਸ਼ਖ਼ਸੀਅਤ ਨੂੰ ਬਦਲਿਆ ਵੀ ਜਾ ਸਕਦਾ ਹੈ। ਉਹਨਾਂ ਨੇ ਨਾ ਸਿਰਫ਼ ਆਪਣੀ ਸਗੋਂ ਆਪਣੇ ਬਹੁਤ ਸਾਰੇ ਦੇਸ਼ਵਾਸੀਆਂ ਦੀ ਸ਼ਖ਼ਸੀਅਤ ਨੂੰ ਵੀ ਬਦਲ ਕੇ ਰੱਖ ਦਿੱਤਾ।

**ਪੰਜਾਬੀ ਕਵੀਆਂ ਦਾ ਪ੍ਰਭਾਵ :-** ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਪ੍ਰੋ. ਪੂਰਨ ਸਿੰਘ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਸ਼ਿਵ ਕੁਮਾਰ ਵਰਗੇ ਕਵੀ ਅਜਿਹੇ ਲੇਖਕਾਂ ਦੀ ਪਰੰਪਰਾ ਵਿਚ ਪ੍ਰਮੁੱਖ ਹਨ, ਜਿਨ੍ਹਾਂ ਨੇ ਸਾਹਿਤ ਦੀ ਵਸਤੂ-ਸਾਮਗਰੀ ਵਿਚ ਆਪਣੀ-ਆਪਣੀ ਸ਼ਖ਼ਸੀਅਤ ਨੂੰ ਪ੍ਰਕਾਸ਼ਮਾਨ ਕੀਤਾ। ਜਿਵੇਂ।-

ਅਜੇ ਦਾਤਾ!
ਮੈਂ ਉਸ ਦੀ ਗੁੱਡੀ ਖੇਡ ਕੇ ਖਿੜਾ ਹੈ -----
ਜਾਂ ...ਪਿਆਰ --- ਇਹ ਤੇਰੇ ਮਤਲਬ ਦੀ
— — — ....
ਮੈਂ ਨਹੀਂ।

(ਅੰਮ੍ਰਿਤਾ ਪ੍ਰੀਤਮ, ਜਨਮਦਾਤਾ)

ਆਧੁਨਿਕ ਕਵਿਤਾ ਦੇ ਪ੍ਰਸੰਗ ਵਿਚ ਕਈ ਕਵੀ ਆਪਣੇ ਨਿਜੀ ਭਾਵਾਂ ਅਤੇ ਉਦਗਾਰਾਂ ਨੂੰ ਕਾਵਿ ਦੀ ਵਸਤੂ-ਸਮੱਗਰੀ ਬਣਾ ਕੇ ਪੇਸ਼ ਕਰ ਰਹੇ ਹਨ। ਇਸ ਤਰ੍ਹਾਂ ਸਮਕਾਲੀ ਕਾਵਿ ਵਿਚ ਕਈ ਵਾਰ-ਲਗਪਗ ਸੰਚਾਰ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਨਾਟਕ ਅਤੇ ਗਲਪ ਆਦਿ ਸਾਹਿਤ-ਰੂਪਾਂ ਵਿਚ ਸ਼ਖ਼ਸੀਅਤ ਦੀ ਪ੍ਰਗਟ-ਸਿਆਣਾ ਲਈ ਸਾਹਿਤਕਾਰ ਫੇਰ ਮਨੋਵਿਗਿਆਨ, ਮਨੁੱਖਿਆਚਾਰ ਅਤੇ ਸਮਾਜ-ਸ਼ਾਸਤਰ ਵਿਚੋਂ ਪ੍ਰਾਪਤ ਅੰਦਰ-ਦ੍ਰਿਸ਼ਟੀਆਂ ਦਾ ਘਣਾ ਸੁਚੱਜਾ ਪ੍ਰਯੋਗ ਕਰ ਰਹੇ ਹਨ।

**ਸਿੱਟਾ :-** ਉਪਰੋਕਤ ਵਿਆਖਿਆ ਦੇ ਆਧਾਰ ਤੇ ਕਹਿ ਸਕਦੇ ਹਾਂ ਕਿ ਆਧੁਨਿਕ ਦੌਰ ਵਿਚ ਸਾਹਿਤ ਅਤੇ ਸ਼ਖ਼ਸੀਅਤ ਦਾ ਰਿਸ਼ਤਾ ਕਾਫੀ ਸੰਘਣਾ ਹੁੰਦਾ ਜਾ ਰਿਹਾ ਹੈ। ਹਰੇਕ ਲੇਖਕ ਜੋ ਕੁਝ ਵੀ ਲਿਖਦਾ ਹੈ, ਇਸ ਉੱਪਰ ਉਸਦੇ ਸੰਸਕਾਰਾਂ ਦੀ ਛਾਪ ਜ਼ਰੂਰੀ ਹੁੰਦੀ ਹੈ ਕਿਉਂਕਿ ਇਸ ਦੀ ਲਿਖਤ ਉਸਦੇ ਮਨ ਅੰਦਰੋਂ ਉਪਜਦੀ ਹੈ।